# ਪ੍ਰੈਸ ਨੋਟ

ਜਿਲ੍ਹਾ ਲੁਧਿਆਣਾ (ਦਿਹਾਤੀ) ਦੀ ਪੁਲਿਸ ਵੱਲੋਂ ਗੁੰਡਾ ਅਨਸਰਾਂ ਦੇ ਖਿਲਾਫ ਚਲਾਈ ਗਈ ਮੁਹਿੰਮ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ ਜਦੋ ਸੀ.ਆਈ.ਏ ਸਟਾਫ ਜਗਰਾਉ ਨੇ ਇੱਕ ਪਿਸਤੋਲ 32 ਬੋਰ ਸਮੇਤ ਮੈਗਜੀਨ ਅਤੇ 02 ਜਿੰਦਾ ਕਾਰਤੂਸ 32 ਬੋਰ ਸਮੇਤ ਮੋਟਰਸਾਈਕਲ ਨੰਬਰ ਪੀ.ਬੀ 10 ਐਫ.ਪੀ-3194 ਰਾਏਕੋਟ ਤੋਂ ਅਤੇ ਇੱਕ ਦੇਸੀ ਕੱਟਾ 12 ਬੋਰ ਸਮੇਤ 02 ਜਿੰਦਾ ਕਾਰਤੂਸ 12 ਬੋਰ ਸਿਟੀ ਜਗਰਾਉ ਤੋ ਬ੍ਰਾਮਦ ਕਰਵਾ ਕੇ ਚਾਰ ਦੋਸ਼ੀਆ ਨੂੰ ਕਾਬੂ ਕੀਤਾ।

ਅੱਜ ਐਸ.ਐਸ.ਪੀ. ਲੁਧਿਆਣਾ (ਦਿਹਾਤੀ) ਸ: ਨਵਨੀਤ ਸਿੰਘ ਬੈਂਸ, ਆਈ.ਪੀ.ਐਸ.ਸਾਹਿਬ ਵੱਲੋ ਵਿਸ਼ੇਸ਼ ਪ੍ਰੈਸ ਮਿਲਨੀ ਦੌਰਾਨ ਦੱਸਿਆ, ਕਿ ਹਰਿੰਦਰਪਾਲ ਸਿੰਘ ਪਰਮਾਰ ਕਪਤਾਨ ਪੁਲਿਸ (ਆਈ) ਲੁਧਿਆਣਾ ਦਿਹਾਤੀ ਜੀ ਦੀ ਨਿਗਰਾਨੀ ਹੇਠ ਸ੍ਰੀ ਦਲਬੀਰ ਸਿੰਘ, ਉਪ ਕਪਤਾਨ ਪੁਲਿਸ ਜਗਰਾਉ ਵੱਲੋ ਸੀ.ਆਈ.ਏ ਸਟਾਫ ਜਗਰਾਉ ਨੂੰ ਗਾਈਡ ਕਰਕੇ ਅਜਿਹੇ ਅਨਸਰਾ ਵਿੱਚੋ ਚਾਰ ਵਿਅਕਤੀਆ ਨੂੰ ਕਾਬੂ ਕਰਕੇ ਉਹਨਾਂ ਪਾਸੋ ਇੱਕ ਪਿਸਟਲ 32 ਬੋਰ ਅਤੇ ਦੇਸੀ ਕੱਟਾ 12 ਬੋਰ ਬ੍ਰਾਮਦ ਕੀਤੇ ਗਏ ਹਨ। ਜਿਸ ਦੌਰਾਨ ਸੀ.ਆਈ.ਏ ਸਟਾਫ ਜਗਰਾਉ ਵੱਲੋ ਖੁਫੀਆ ਇਤਲਾਹ ਮਿਲਣ ਤੇ ਲਾਸ਼ ਘਰ ਰਾਏਕੋਟ ਰੋਡ ਜਗਰਾਉ ਦੇ ਅੰਦਰ ਬੈਠੇ ਦੋਸ਼ੀਆਨ ਅਜੈ ਪੁੱਤਰ ਕਾਕਾ ਸਿੰਘ ਪੁੱਤਰ ਜੀਤ ਸਿੰਘ ਅਤੇ ਰਜਿੰਦਰ ਕੁਮਾਰ ਉਰਫ ਰਿੱਕੀ ਪੁੱਤਰ ਅਸ਼ੋਕ ਕੁਮਾਰ ਪੁੱਤਰ ਪ੍ਰਕਾਸ਼ ਚੰਦ ਵਾਸੀਆਨ ਅਗਵਾੜ ਲਧਾਈ, ਰਾਣੀ ਵਾਲਾ ਖੂਹ ਜਗਰਾਉ ਥਾਣਾ ਸਿਟੀ ਜਗਰਾਉ, ਜਿਲ੍ਹਾ ਲੁਧਿਆਣਾ ਨੂੰ ਕਾਬੂ ਕਰਕੇ ਉਹਨਾਂ ਪਾਸੋ ਇੱਕ ਦੇਸੀ ਕੱਟਾ 12 ਬੋਰ ਸਮੇਤ 02 ਜਿੰਦਾ ਕਾਰਤੂਸ 12 ਬੋਰ ਬ੍ਰਾਮਦ ਕਰਕੇ ਉਹਨਾਂ ਖਿਲਾਫ ਮੁੱਕਦਮਾ ਨੰਬਰ 138 ਮਿਤੀ 13.07.2023 ਅ/ਧ 25/54/59 Arms ACt ਥਾਣਾ ਸਿਟੀ ਜਗਰਾਉ ਦਰਜ ਕੀਤਾ ਗਿਆ ਹੈ। ਇਸਦੇ ਨਾਲ ਹੀ ਸੀ.ਆਈ.ਏ ਸਟਾਫ ਜਗਰਾਉ ਵੱਲੋ ਬੱਸੀਆਂ ਤੋਂ ਪਿੰਡ ਰਾਮਗੜ੍ਹ ਸਿਵੀਆ ਨੂੰ ਜਾਂਦੀ ਸੜਕ ਪਰ ਪੈਂਦੇ ਪੁਲ ਸੂਆ ਤੋਂ ਜਗਦੀਪ ਸਿੰਘ ਉਰਫ ਫੈਂਟਾ ਪੁੱਤਰ ਹਰਜਿੰਦਰ ਸਿੰਘ ਵਾਸੀ ਪਿੰਡ ਬੋਪਾਰਾਏ ਖੁਰਦ ਥਾਣਾ ਸਦਰ ਰਾਏਕੋਟ ਅਤੇ ਜਸਪ੍ਰੀਤ ਸਿੰਘ ਉਰਫ ਜੱਸਾ ਪੁੱਤਰ ਪਰਮਜੀਤ ਸਿੰਘ ਵਾਸੀ ਕੱਚਾ ਕਿਲਾ ਰਾਏਕੋਟ ਥਾਣਾ ਸਿਟੀ ਰਾਏਕੋਟ ਨੂੰ ਕਾਬੂ ਕਰਕੇ ਉਹਨਾਂ ਪਾਸੋ ਇੱਕ ਦੇਸੀ ਪਿਸਟਲ 32 ਬੋਰ ਸਮੇਤ ਮੈਗਜੀਨ ਅਤੇ 02 ਜਿੰਦਾ ਕਾਰਤੂਸ 32 ਬੋਰ ਸਮੇਤ ਮੋਟਰਸਾਈਕਲ ਨੰਬਰ ਪੀ.ਬੀ 10 ਐਫ.ਪੀ-3194 ਬ੍ਰਾਮਦ ਕਰਕੇ ਇਹਨਾਂ ਖਿਲਾਫ ਮੁਕੱਦਮਾ ਨੰਬਰ 98 ਮਿਤੀ 13.07.2023 U/S 25/54/59 ਥਾਣਾ ਸਦਰ ਰਾਏਕੋਟ ਦਰਜ ਰਜਿਸਟਰ ਕਰਵਾਇਆ ਗਿਆ ਸੀ। ਇਹਨਾਂ ਉਕਤਾਨ ਦੋਸ਼ੀਆਨ ਕੋਲੋ ਹੋਰ ਵੀ ਅਸਲਾ ਐਮੂਨੀਸ਼ਨ ਬ੍ਰਾਮਦ ਹੋਣ ਦੀ ਆਸ ਹੈ। ਜਿਸ ਕਰਕੇ ਉਕਤਾਨ ਦੋਸ਼ੀਆਨ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ 01 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ।

ਦੋਸ਼ੀਆ ਦੇ ਨਾਮ:-

1. **ਮੁੱਕਦਮਾ ਨੰਬਰ 138 ਮਿਤੀ 13.07.2023 ਅ/ਧ 25/54/59 Arms ACt ਥਾਣਾ ਸਿਟੀ ਜਗਰਾਉ।**
   1. ਅਜੈ ਪੁੱਤਰ ਕਾਕਾ ਸਿੰਘ ਪੁੱਤਰ ਜੀਤ ਸਿੰਘ
   2. ਰਜਿੰਦਰ ਕੁਮਾਰ ਉਰਫ ਰਿੱਕੀ ਪੁੱਤਰ ਅਸ਼ੋਕ ਕੁਮਾਰ ਪੁੱਤਰ ਪ੍ਰਕਾਸ਼ ਚੰਦ ਵਾਸੀਆਨ ਅਗਵਾੜ ਲਧਾਈ, ਰਾਣੀ ਵਾਲਾ ਖੂਹ ਜਗਰਾਉ ਥਾਣਾ ਸਿਟੀ ਜਗਰਾਉ, ਜਿਲ੍ਹਾ ਲੁਧਿਆਣਾ।

**ਬ੍ਰਾਮਦਗੀ :-ਇੱਕ ਦੇਸੀ ਕੱਟਾ 12 ਬੋਰ ਸਮੇਤ 02 ਜਿੰਦਾ ਕਾਰਤੂਸ 12 ਬੋਰ**

**2. ਮੁਕੱਦਮਾ ਨੰਬਰ 98 ਮਿਤੀ 13.07.2023 U/S 25/54/59 ਥਾਣਾ ਸਦਰ ਰਾਏਕੋਟ।**

3. ਜਗਦੀਪ ਸਿੰਘ ਉਰਫ ਫੈਂਟਾ ਪੁੱਤਰ ਹਰਜਿੰਦਰ ਸਿੰਘ ਵਾਸੀ ਪਿੰਡ ਬੋਪਾਰਾਏ ਖੁਰਦ ਥਾਣਾ ਸਦਰ ਰਾਏਕੋਟ।
4. ਜਸਪ੍ਰੀਤ ਸਿੰਘ ਉਰਫ ਜੱਸਾ ਪੁੱਤਰ ਪਰਮਜੀਤ ਸਿੰਘ ਵਾਸੀ ਕੱਚਾ ਕਿਲਾ ਰਾਏਕੋਟ ਥਾਣਾ ਸਿਟੀ ਰਾਏਕੋਟ ।

**ਬ੍ਰਾਮਦਗੀ :- ਇੱਕ ਪਿਸਟਲ 32 ਬੋਰ ਸਮੇਤ ਇੱਕ ਮੈਗਜੀਨ ਅਤੇ 02 ਜਿੰਦਾ ਕਾਰਤੂਸ 32 ਬੋਰ ਸਮੇਤ ਮੋਟਰਸਾਈਕਲ ਨੰਬਰੀ ਉਕਤ।**

**ਦਰਜ ਮੁਕੱਦਮੇ ਜਗਦੀਪ ਸਿੰਘ ਉਰਫ ਫੈਂਟਾ ਉਕਤ:-**

1. ਮੁੱ ਨੰ: 50 /2021 ਅ/ਧ 61-1-14 ਐਕਸਾਈਜ ਐਕਟ ਥਾਣਾ ਸਦਰ ਰਾਏਕੋਟ।

**ਦਰਜ ਮੁਕੱਦਮੇ ਰਜਿੰਦਰ ਕੁਮਾਰ ਉਰਫ ਰਿੱਕੀ ਉਕਤ :-**

1. ਮੁੱ: ਨੰ: 96 ਮਿਤੀ 22.05.2021 ਅ/ਧ 324,341,148,149,294,506,427,326 ਆਈ.ਪੀ.ਸੀ ਥਾਣਾ ਸਿਟੀ ਜਗਰਾਉ।

**ਦਰਜ ਮੁਕੱਦਮੇ ਅਜੈ ਉਕਤ :-**

1. ਮੁੱ: ਨੰ: 96 ਮਿਤੀ 22.05.2021 ਅ/ਧ 324,341,148,149,294,506,427,326 ਆਈ.ਪੀ.ਸੀ ਥਾਣਾ ਸਿਟੀ ਜਗਰਾਉ।

Scanned with AnyScanner